## DEAN, COLLEGE DEVELOPMENT COUNCIL

***Dean*** ***:*** Dr. R.K. Mahajan

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਾਲਜ ਵਿਕਾਸ ਕੌਂਸਲ ਮਈ 1, 1981 ਨੂੰ ਹੋਂਦ ਵਿਚ ਆਈ। ਇਸ ਦੇ ਪਹਿਲੇ ਡੀਨ ਮਿਸਟਰ ਸੀ.ਐਲ. ਅਰੋੜਾ ਸਨ ਅਤੇ ਮਈ 2014 ਤੋਂ ਮੌਜੂਦਾ ਡੀਨ ਡਾ. ਆਰ.ਕੇ.ਮਹਾਜਨ, ਪ੍ਰੋਫੈਸਰ, ਕਮਿਸਟਰੀ ਵਿਭਾਗ ਹਨ। ਕਾਲਜ ਵਿਕਾਸ ਕੌਂਸਲ ਦਾ ਮੁੱਖ ਮੰਤਵ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਦੀ ਯੋਗ ਅਗਵਾਈ ਕਰਨਾ, ਸਮੇਂ ਦੇ ਖੇਤਰ ਦਾ ਹਾਣੀ ਬਣਾਉਨਾ ਅਤੇ ਵਿਦਿਆ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰੋਫੈਸ਼ਨਲ ਕੋਰਸ ਚਾਲੂ ਕਰਕੇ ਵਿਦਿਆਰਥੀਆਂ ਨੂੰ ਰੁਜਗਾਰ ਦੇ ਖੇਤਰ ਵਿਚ ਯੋਗ ਸਥਾਨ ਪ੍ਰਾਪਤ ਕਰਨ ਲਈ ਮਾਰਗ ਦਰਸ਼ਨ ਕਰਨਾ ਹੈ। ਇਸ ਸਮੇਂ ਯੂਨੀਵਰਸਿਟੀ ਦੇ ਅਧੀਨ 151 ਕਾਲਜ ਹਨ, ਜਿਹਨਾਂ ਵਿਚ 87 ਏਡਿਡ, 64 ਅਨ-ਏਡਿਡ, 48 ਬੀ.ਐਡ. ਅਤੇ 4 ਲਾਅ ਦੇ ਕਾਲਜ ਹਨ। ਪੋਸਟ ਗ੍ਰੇਜੂਏਟ ਪੱਧਰ ਤੇ 41, ਅੰਡਰ ਗ੍ਰੇਜੂਏਟ ਪੱਧਰ ਤੇ 40, ਡਿਪਲੋਮਾ ਅਤੇ ਪੋਸਟ ਗ੍ਰੇਜੂਏਟ ਡਿਪਲੋਮਾ 40 ਕੋਰਸ ਚਲ ਰਹੇ ਹਨ। ਯੂਨੀਵਰਸਿਟੀ ਵਲੋਂ ਯੂ.ਜੀ ਤੇ ਪੀ.ਜੀ ਪੱਧਰ ਤੇ ਸਭ ਤੋਂ ਜਿਆਦਾ ਜ਼ੋਰ ਜੋਬ ਓਰੀਐਂਟਡ ਕੋਰਸਾਂ ਤੇ ਦਿਤਾ ਜਾ ਰਿਹਾ ਹੈ। ਸਾਲ ਵਿਚ ਦੋ ਵਾਰੀ ਕਾਲਜ ਵਿਕਾਸ ਕੌਂਸਲ ਦੀ ਮੀਟਿੰਗ ਕਰਵਾਈ ਜਾਂਦੀ ਹੈ, ਜਿਸ ਵਿਚ ਕਾਲਜਾਂ ਦੀਆਂ ਦਰਪੇਸ਼ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ ਅਤੇ ਉਹਨਾਂ ਦਾ ਹੱਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾਂ ਸਾਲ ਵਿਚ ਦੋ ਵਾਰੀ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਦੀ ਇਕੱਤਰਤਾ ਕਰਵਾਈ ਜਾਂਦੀ ਹੈ, ਕਾਲਜਾਂ ਵਿਚ ਵਿਦਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਅਤੇ ਯੂ.ਜੀ.ਸੀ. ਵਲੋਂ ਕਾਲਜਾਂ ਨੂੰ ਦਿਤੀਆਂ ਜਾਣ ਵਾਲੀਆਂ ਗ੍ਰਾਟਾਂ ਬਾਰੇ ਵਿਚਾਰ ਵਟਾਦਰਾਂ ਕੀਤਾ ਜਾਂਦਾ ਹੈ। ਯੂਨੀਵਰਸਿਟੀ ਦੇ ਇੰਟਰਨੈਟ ਤੇ ਕਾਲਜ ਵਿਕਾਸ ਕੌਂਸਲ ਦੀ ਵੈਬ ਸਾਈਟ-cdc-information desk ਤੇ ਕਾਲਜਾਂ ਨਾਲ ਸਬੰਧਤ ਹਰ ਤਰਾਂ ਦੀ ਜਾਣਕਾਰੀ ਉਪਲੱਬਧ ਹੈ।

ਇਲੈਕਟ੍ਰੋਨਿਕ ਯੁਗ ਵਿਚ ਈ-ਮੇਲ ਦੇ ਮਹੱਤਵ ਨੂੰ ਮੁਖ ਰਖਦਿਆਂ ਕਾਲਜ ਵਿਕਾਸ ਕੌਂਸਲ ਵਲੋਂ ਕਾਲਜਾਂ ਨੂੰ ਇੰਟਰਨੈਟ ਅਤੇ ਈਮੇਲ ਰਾਹੀਂ ਪੱਤਰ ਵਿਹਾਰ ਅਤੇ ਹਰ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਕਾਲਜ ਵਿਕਾਸ ਕੌਂਸਲ ਵਲੋਂ ਸਮੇਂ-ਸਮੇਂ ਤੇ ਗਿਆਨ ਯਾਤਰਾਵਾਂ ਦਾ ਵੀ ਆਯੋਜਨ ਕੀਤਾ ਜਾਂਦਾ ਰਿਹਾ ਹੈ ਤਾਂ ਜੋ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਨਵੇਂ ਕੋਰਸਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਸਮੇਂ ਦੀ ਲੋੜ ਮੁਤਾਬਿਕ ਆਪਣੇ ਕਾਲਜਾਂ ਵਿਚ ਲਾਗੂ ਕੀਤੇ ਜਾ ਸਕਣ।

ਕਾਲਜ ਭਵਨ ਵਿਚ ਇਕ ਆਡੀਟੋਰੀਅਮ ਅਤੇ 12 ਕਮਰਿਆ ਦਾ ਗੈਸਟ ਹਾਊਸ ਬਣਾਇਆ ਗਿਆ ਹੈ, ਜਿਸ ਵਿਚ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਜੋ ਯੂਨੀਵਰਸਿਟੀ ਵਿਖੇ ਮੀਟਿੰਗ, ਕਾਨਫਰੰਸ ਅਤੇ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਆਉਂਦੇ ਹਨ, ਉਹਨਾਂ ਨੂੰ ਕਾਲਜ ਭਵਨ ਦੇ ਗੈਸਟ ਹਾਊਸ ਵਿਚ ਕਮਰੇ ਵੀ ਉਪਲਬਧ ਕਰਵਾਏ ਜਾਂਦੇ ਹਨ।

ਪੰਜਾਬੀ ਸਭਿਆਚਾਰ ਅਤੇ ਕਲਚਰ ਨੂੰ ਪ੍ਰਫੁਲਤ ਕਰਨ ਲਈ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਦੇ ਅਵਸਰ ਤੇ ਹਰ ਸਾਲ ਕਾਲਜ ਵਿਕਾਸ ਕੌਂਸਲ ਵਲੋਂ ਲੋਕ ਕਲਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਹੋਸਲਾ ਅਫਜਾਈ ਵਜੋਂ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 5000, 3000, 2000/- ਰੁਪਏ ਕੈਸ਼ ਇਨਾਮ, ਮੋਮੋਂਟੋਜ ਅਤੇ ਸਰਟੀਫਿਕੇਟ ਦਿਤੇ ਜਾਂਦੇ ਹਨ, ਬਾਕੀ ਟੀਮਾਂ ਨੂੰ ਪਾਰਟੀਸੀਪੇਸ਼ਨ ਇਨਾਮ 2000/- ਰੁਪਏ ਅਤੇ ਹਰੇਕ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ।